**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ,ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ**
**ਐੱਸ.ਸੀ.ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

**ਵੱਲ:**

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ),
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ(ਵੈਬਸਾਈਟ ਰਾਹੀਂ)।
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ.(ਮੀਡੀਆ)/ਐਸ.ਐਸ.ਏ./2010/57413
ਮਿਤੀ: ਚੰਡੀਗੜ੍ਹ: 08.09.2010

**ਵਿਸ਼ਾ: ਸਕੂਲਾਂ ਵਿਚ ਪੜ੍ਹੋ ਪੰਜਾਬ ਸਬੰਧੀ ਮਾਟੋ ਲਿਖਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਜੋ ਕਿ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਅੰਦਰ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦੀ ਵਧੇਰੇ ਸਾਰਥਕਤਾ ਅਤੇ ਇਸ ਸਬੰਧੀ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹੋ ਪੰਜਾਬ ਨਾਲ ਸਬੰਧਤ ਮਾਟੋ ਲਿਖਵਾਏ ਜਾਣ। ਸਕੂਲ ਅੰਦਰ ਲਿਖਵਾਏ ਜਾਣ ਵਾਲੇ ਇਹ ਮਾਟੋ ਇਸ ਪੱਤਰ ਨਾਲ ਨੱਥੀ ਕੀਤੀ ਸੂਚੀ ਵਿੱਚੋਂ ਲਏ ਜਾਣ।

3.0 ਮਾਟੋ ਲਿਖਵਾਉਣ ਦਾ ਕੰਮ ਮਿਤੀ 30 ਸਤੰਬਰ ਤੱਕ ਮੁਕੰਮਲ ਕਰਵਾ ਲਿਆ ਜਾਵੇ।

4.0 ਇਹਨਾਂ ਤੇ ਆਉਣ ਵਾਲਾ ਖਰਚਾ ਸਕੂਲ ਦੀ ਗਰਾਂਟ ਵਿੱਚੋਂ ਕੀਤਾ ਜਾ ਸਕਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਉਕਤ/57414 ਮਿਤੀ 08.09.2010

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:-

(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਹਰ ਬੱਚਾ ਪੜ੍ਹਾਵਾਂਗੇ,
ਪੜ੍ਹੋ ਪੰਜਾਬ ਸਫ਼ਲ ਬਣਾਵਾਂਗੇ।

ਪੜ੍ਹੋ ਪੰਜਾਬ ਦਾ ਇਹ ਕਹਿਣਾ,
ਕੋਈ ਬੱਚਾ ਅਨਪੜ੍ਹ ਨਹੀਂ ਰਹਿਣਾ।

ਖੇਡੀਏ,ਪੜ੍ਹੀਏ ਤੇ ਨਾਲੇ ਗਾਈਏ,
ਪੜ੍ਹੋ ਪੰਜਾਬ ਨੂੰ ਸਫ਼ਲ ਬਣਾਈਏ।

ਹਰ ਪਾਸੇ ਹੁਣ ਹਵਾ ਪਈ ਚੱਲੇ,
ਪੜ੍ਹੋ ਪੰਜਾਬ ਤੇਰੀ ਬੱਲੇ ਬੱਲੇ।

ਅੱਖਰ ਪੂਣੀ ਕੱਤੀ ਨਵਾਂ ਸ਼ਬਦ ਬਣਾਇਆ,
ਬਦਲੀ ਨੁਹਾਰ ਪੰਜਾਬ ਦੀ ਜਦੋਂ ਦਾ ਪੜ੍ਹੋ ਪੰਜਾਬ ਹੈ ਆਇਆ।

ਖੇਡਾਂਗੇ,ਪੜ੍ਹਾਂਗੇ,ਲਿਖਾਂਗੇ ਬਣਾਂਗੇ ਨਵਾਬ,
ਪੜ੍ਹੋ ਪੰਜਾਬ ਰਾਹੀਂ ਕਰਾਂਗੇ ਪੂਰੇ ਮਾਪਿਆਂ ਦੇ ਖਾਬ।

ਮਾਂ ਬੋਲੀ ਤਾਂ ਸਿੱਖੀ ਹੀ ਸਿੱਧੀ, ਅੰਗ੍ਰੇਜ਼ੀ ਵੀ ਬੋਲਣੀ ਆਈ ਏ,
ਪੜ੍ਹੋ ਪੰਜਾਬ ਨੇ ਵੇਖੋ ਲੋਕੋ ਅਨਪੜ੍ਹਤਾ ਦੂਰ ਭਜਾਈ ਏ।

ਅਸਮਾਨ ਵਿੱਚ ਉੱਭਰਿਆ ਹੈ ਇੱਕ ਨਵਾਂ ਤਾਰਾ,
ਪੜ੍ਹੋ ਪੰਜਾਬ ਹੈ ਸਾਨੂੰ ਸਭ ਤੋਂ ਪਿਆਰਾ।

ਮੁਫ਼ਤ ਤੇ ਲਾਜ਼ਮੀ ਸਿੱਖਿਆ ਹੈ ਸਾਡਾ ਨਾਅਰਾ,
ਸਿੱਖਿਆ ਬਿਨ ਨਾ ਰਹੇ ਕੋਈ ਅਨਪੜ੍ਹ ਤੇ ਵਿਚਾਰਾ।

ਅੱਜ ਚੁੱਕ ਕਿਤਾਬਾਂ ਕਹਿੰਦਾ ਹਰ ਨਿਆਣਾ ਹੈ,
ਮੰਮੀ ਪਾਪਾ ਮੈਂ ਵੀ ਸਕੂਲੇ ਜਾਣਾ ਹੈ।

ਬੱਚਾ ਬੱਚਾ ਕਰੇ ਆਵਾਜ਼,
ਪੜ੍ਹੋ ਪੰਜਾਬ ਪੜ੍ਹੋ ਪੰਜਾਬ।

ਪੜ੍ਹੋ ਪੰਜਾਬ ਨੇ ਕੀਤਾ ਕਮਾਲ,
ਪੜ੍ਹ ਪੜ੍ਹ ਬੱਚੇ ਹੋਏ ਨਿਹਾਲ।

ਅਗਿਆਨਤਾ 'ਤੇ ਕਰੜਾ ਵਾਰ,
ਪੜ੍ਹੋ ਪੰਜਾਬ ਨੇ ਹੁਣ ਬਦਲੀ ਨੁਹਾਰ।

ਆਓ ਅੱਖਰਾਂ ਦੀ ਜੋਤ ਜਗਾਈਏ,
ਹਰ ਬੱਚਾ ਹੁਣ ਪੜ੍ਹਨੇ ਲਾਈਏ।

ਖੇਡਦੇ ਖੇਡਦੇ ਅਸੀਂ ਪੜ੍ਹਦੇ ਜਾਈਏ,
ਗਿਆਨ ਦੀ ਪੌੜੀ ਚੜ੍ਹਦੇ ਜਾਈਏ।

ਰਾਹ ਪੁਰਾਣੇ ਨੇ ਪਰ ਪੈੜਾਂ ਨਵੀਆਂ ਪਾਉਣੀਆਂ ਨੇ,
ਪੜ੍ਹੋ ਪੰਜਾਬ ਨਾਲ ਹੁਣ ਜਾਗ੍ਰਿਤੀਆਂ ਲਿਆਉਣੀਆਂ ਨੇ।

ਘਰ ਘਰ ਵਿੱਚੋਂ ਆਈ ਆਵਾਜ਼,
ਪੜ੍ਹੋ ਪੰਜਾਬ ਪੜ੍ਹੋ ਪੰਜਾਬ।

ਪੜ੍ਹੋ ਪੰਜਾਬ ਨੇ ਦਿੱਤੀ ਐਸੀ ਲੋਅ,
ਸਰਕਾਰੀ ਸਕੂਲਾਂ ਨਾਲ ਪੈ ਗਿਆ ਸਾਡਾ ਮੋਹ।

ਪੜ੍ਹੋ ਪੰਜਾਬ ਅਇਆ ਹੈ ,
ਕਿੰਨੀਆਂ ਖੇਡਾਂ ਲਿਆਇਆ ਹੈ।

ਸਰਕਾਰੀ ਸਕੂਲ ਹੁਣ ਮਾਣ ਬਣਨਗੇ,
ਆਪਣੇ ਦੇਸ਼ ਦੀ ਸ਼ਾਨ ਬਣਨਗੇ।

ਬੱਚਾ ਪਹੁੰਚੇ ਸਕੂਲ ਤੱਕ,
ਸਿੱਖਿਆ ਹੈ ਬੁਨਿਆਦੀ ਹੱਕ।

ਧੀਆਂ ਨੇ ਹੁਣ ਪੜ੍ਹ ਜਾਣਾ,
ਸ਼ਾਨ ਦੇਸ਼ ਦੀ ਬਣ ਜਾਣਾ।

ਵਤਨ ਮੇਰੇ ਦਾ ਹਰ ਇੱਕ ਬੱਚਾ,
ਆਵੇ ਚੱਲ ਸਕੂਲੇ ਪੱਕਾ।

ਕੁੱਖ,ਰੁੱਖ ਜਲ ਤੇ ਜੰਗਲ,
ਜੇ ਬਚਣਗੇ ਹੋਏਗਾ ਮੰਗਲ।

ਪੜ੍ਹੋ ਪੰਜਾਬ ਦੀ ਲਹਿਰ ਹੈ ਆਈ,
ਨਵੇਂ ਤਰੀਕੇ, ਨਵੀਂ ਪੜ੍ਹਾਈ।

ਗੁਰੂ ਚੇਲੇ ਦਾ ਰਿਸ਼ਤਾ ਸੁੱਚਾ,
ਹਰ ਇੱਕ ਰਿਸ਼ਤੇ ਤੋਂ ਹੈ ਉੱਚਾ।

ਕੋਈ ਨਾ ਰਹਿਣਾ ਫਾਡੀ ਜੀ,
ਅਗਲੀ ਸਦੀ ਅਸਾਡੀ ਜੀ।

ਮਾਂ ਬੋਲੀ ਨੂੰ ਪਿਆਰ ਕਰੋ,
ਦੂਜੀਆਂ ਦਾ ਸਤਿਕਾਰ ਕਰੋ।

ਕੁੜੀਆਂ ਨੂੰ ਦਿਓ ਵਿੱਦਿਆ ਦਾ ਦਾਨ,
ਦਾਨਾਂ ਵਿੱਚੋਂ ਦਾਨ ਮਹਾਨ।

ਧੀ ਭੈਣ ਜੇ ਪੜ੍ਹ ਜਾਵੇਗੀ,
ਕੌਮ ਦੀ ਗੁੱਡੀ ਚੜ੍ਹ ਜਾਵੇਗੀ।